SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ ਨੂੰ, ਕਾਰੋਬਾਰੀਆਂ ਤੇ ਪਾਠਕਾਂ ਨੂੰ ਨਵਾਂ ਸਾਲ ਮੁਬਾਰਕ

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 01 | Wednesday, 1 January 2025 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ










# ਪੋਲੀਏਵਰ ਦੇ ਕੰਜ਼ਰਵੇਟਿਵ 2024 ਦੇ ਅੰਤ ਵਿਚ ਪੋਲ ਵਿੱਚ ਉੱਚ ਪੱਧਰ ’ਤੇ ਪਹੁੰਚੇ : ਨੈਨੋਸ

ਓਟਵਾ, 31 ਦਸੰਬਰ (ਪੋਸਟ ਬਿਊਰੋ): 26 ਅੰਕਾਂ ਦੇ ਵਾਧੇ ਨਾਲ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਸਤੀਫੇ ਦੀ ਮੰਗ ਦੇ ਚਲਦੇ ਲਿਬਰਲਜ਼ ਤੋਂ ਉਪਰ ਪਿਅਰੇ ਪੋਲੀਏਵਰ ਦੇ ਕੰਜ਼ਰਵੇਟਿਵ 2024 ਦੇ ਅੰਤ ਵਿੱਚ ਬੈਲਟ ਸਮਰਥਨ ਵਿੱਚ ਇੱਕ ਨਵੇਂ ਲਾਂਗ ਟਰਮ ਦੇ ਉੱਚ ਪੱਧਰ ’ਤੇ ਪਹੁੰਚ ਗਏ ਹਨ।



ਨੈਨੋਸ ਦੇ ਸਰਵੇ ਦੇ ਨਵੀਨਤਮ ਹਫ਼ਤਾਵਾਰ ਬੈਲਟ ਟ੍ਰੈਕਿੰਗ ਅਨੁਸਾਰ, ਫੈਡਰਲ ਕੰਜ਼ਰਵੇਟਿਵ ਕੋਲ ਵਰਤਮਾਨ ਵਿੱਚ 47 ਫ਼ੀਸਦੀ ਸਮਰਥਨ ਹੈ, ਜਦੋਂਕਿ ਲਿਬਰਲਜ਼ ਕੋਲ 21 ਫ਼ੀਸਦੀ ਹੈ। ਜਗਮੀਤ ਸਿੰਘ ਦੀ ਐੱਨ.ਡੀ.ਪੀ. ਵੀ ਬਹੁਤ ਪਿੱਛੇ ਨਹੀਂ ਹੈ, ਜਿਸਨੂੰ 17 ਫ਼ੀਸਦੀ ਸਮਰਥਨ ਪ੍ਰਾਪਤ ਹੈ।

ਨੈਨੋਸ ਰਿਸਰਚ ਦੇ ਮੁੱਖ ਡੇਟਾ ਵਿਗਿਆਨੀ ਨਿਕ ਨੈਨੋਸ ਨੇ ਕਿਹਾ ਕਿ ਇਸਦਾ ਮਤਲੱਬ ਇਹ ਹੈ ਕਿ 2025 ਵਿੱਚ ਸਭਤੋਂ ਵੱਡੇ ਜੇਤੂ ਪਿਅਰੇ ਪੋਲੀਏਵਰ ਅਤੇ ਕੰਜ਼ਰਵੇਟਿਵ ਹਨ ਅਤੇ ਸਭਤੋਂ ਵੱਡੇ ਹਾਰਨ ਵਾਲੇ ਜਸਟਿਨ ਟਰੂਡੋ ਅਤੇ ਜਗਮੀਤ ਸਿੰਘ ਹਨ, ਕਿਉਂਕਿ 2024 ਦੇ ਅੰਤ ਵਿੱਚ ਉਨ੍ਹਾਂ ਅਤੇ ਉਨ੍ਹਾਂ ਦੀਆਂ ਪਾਰਟੀਆਂ ਲਈ ਗਿਣਤੀ ਘੱਟ ਹੈ। ਇਹ ਤੱਦ ਹੋਇਆ ਹੈ ਜਦੋਂ ਦੇਸ਼ ਇਹ ਜਾਣਨ ਦਾ ਇੰਤਜ਼ਾਰ ਕਰ ਰਿਹਾ ਹੈ ਕਿ ਟਰੂਡੋ ਅਹੁਦਾ ਛੱਡਣ ਜਾਂ 2025 ਦੀ ਸ਼ੁਰੂਆਤ ਵਿੱਚ ਚੋਣ ਕਰਾਉਣ ਦੇ ਐਲਾਨ ’ਤੇ ਕਿਸ ਤਰ੍ਹਾਂ ਨਾਲ ਪ੍ਰਤੀਕਿਰਿਆ ਦੇਣਗੇ।

ਕ੍ਰਿਸਟੀਆ ਫਰੀਲੈਂਡ ਦੇ ਅਚਾਨਕ ਅਸਤੀਫੇ ਨਾਲ ਇੱਕ ਬੈਠਕ ਤੋਂ ਬਾਅਦ, ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨਵੇਂ ਸਾਲ ਵਿੱਚ ਲਿਬਰਲ ਘੱਟ ਗਿਣਤੀ ਸਰਕਾਰ ਤੋਂ ਆਪਣਾ ਸਮਰਥਨ ਵਾਪਿਸ ਲੈਣ ਲਈ ਤਿਆਰ ਹੈ। ਪੋਲੀਵਰ ਸੰਸਦ ਦੇ ਫਿਰ ਤੋਂ ਸ਼ੁਰੂ ਹੁੰਦੇ ਹੀ ਬੇਭਰੋਸਗੀ ਮਤੇ ਲਈ ਦਬਾਅ ਬਣਾ ਰਹੇ ਹਨ।

ਨੈਨੋਸ ਨੇ ਕਿਹਾ ਕਿ ਲਿਬਰਲ ਪਾਰਟੀ ਅੰਦਰ ਉੱਥਲ-ਪੁੱਥਲ ਦਾ ਨਿਸ਼ਚਿਤ ਰੂਪ ਤੋਂ ਕੈਨੇਡੀਅਨ ਲੋਕਾਂ ’ਤੇ ਪ੍ਰਭਾਵ ਪੈ ਰਿਹਾ ਹੈ।

# ਈਥੋਪੀਆ ਵਿਚ ਨਦੀ ਵਿਚ ਡਿੱਗਿਆ ਟਰੱਕ, 71 ਲੋਕਾਂ ਦੀ ਮੌਤ

ਅਦੀਸ ਅਬਾਬਾ, 31 ਦਸੰਬਰ (ਪੋਸਟ ਬਿਊਰੋ): ਅਫ਼ਰੀਕੀ ਦੇਸ਼ ਈਥੋਪੀਆ ’ਚ ਇਕ ਵੱਡਾ ਹਾਦਸਾ ਵਾਪਰਿਆ ਹੈ। ਇੱਥੇ ਯਾਤਰੀਆਂ ਨਾਲ ਭਰਿਆ ਇੱਕ ਟਰੱਕ ਨਦੀ ਵਿਚ ਡਿੱਗ ਗਿਆ। ਇਸ ਹਾਦਸੇ ’ਚ 71 ਲੋਕਾਂ ਦੀ ਜਾਨ ਚਲੀ ਗਈ ਹੈ। ਦੱਖਣੀ ਸਿਦਾਮਾ ਖੇਤਰ ਦੇ ਅਧਿਕਾਰੀਆਂ ਮੁਤਾਬਕ ਇਹ ਭਿਆਨਕ ਹਾਦਸਾ ਬੋਨਾ ਜ਼ਿਲ੍ਹੇ ’ਚ ਵਾਪਰਿਆ। ਖੇਤਰੀ ਸੰਚਾਰ ਬਿਊਰੋ ਨੇ ਐਤਵਾਰ ਦੇਰ ਰਾਤ ਇਕ ਬਿਆਨ ਵਿਚ ਕਿਹਾ ਕਿ ਹਾਦਸੇ ਵਿਚ ਜ਼ਖ਼ਮੀ ਹੋਏ ਲੋਕਾਂ ਦਾ ਬੋਨਾ ਜਨਰਲ ਹਸਪਤਾਲ ਵਿਚ ਇਲਾਜ ਕੀਤਾ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ, ਸਾਰੇ ਲੋਕ ਇਸੂਜ਼ੂ ਟਰੱਕ ’ਤੇ ਸਵਾਰ ਹੋ ਕੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਜਾ ਰਹੇ ਸਨ। ਇਸ ਦੌਰਾਨ ਰਸਤੇ ’ਚ ਟਰੱਕ ਅਚਾਨਕ ਟਰੱਕ ਨਦੀ ਵਿਚ ਜਾ ਡਿੱਗਿਆ। ਹਾਦਸੇ ਤੋਂ ਬਾਅਦ ਸਥਾਨਕ ਲੋਕ ਅਤੇ ਸਰਕਾਰੀ ਵਿਭਾਗ ਰਾਹਤ ਅਤੇ ਬਚਾਅ ਕਾਰਜ ਵਿਚ ਲੱਗ ਗਏ। ਪੁਲਿਸ ਮਾਮਲੇ ਦੀ ਜਾਂਚ ਵਿਚ ਜੁਟ ਗਈ ਹੈ। ਦੂਜੇ ਪਾਸੇ ਨਦੀ ’ਚ ਡਿੱਗੇ ਲੋਕਾਂ ਦੀ ਭਾਲ ਜਾਰੀ ਹੈ।

ਸਰਕਾਰੀ ਸਰਕਾਰੀ ਈਥੋਪੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਈਬੀਸੀ) ਮੁਤਾਬਕ ਸਾਰੇ ਲੋਕ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਜਾ ਰਹੇ ਸਨ।



ਈਥੋਪੀਆ ਵਿਚ ਗੰਭੀਰ ਸੜਕ ਹਾਦਸੇ ਆਮ ਹਨ। ਡਰਾਈਵਿੰਗ ਦੇ ਮਾੜੇ ਮਾਪਦੰਡ ਅਤੇ ਖ਼ਰਾਬ ਵਾਹਨ ਜਿਆਦਾਤਰ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਕਰੀਬ ਛੇ ਸਾਲ ਪਹਿਲਾਂ 2018 ਵਿਚ ਈਥੋਪੀਆ ਵਿਚ ਹੀ ਇੱਕ ਵੱਡਾ ਹਾਦਸਾ ਵਾਪਰਿਆ ਸੀ। ਜਿਸ ’ਚ ਵਿਦਿਆਰਥੀਆਂ ਨਾਲ ਭਰੀ ਬੱਸ ਖੱਡ ’ਚ ਡਿੱਗ ਗਈ ਸੀ, ਜਿਸ ’ਚ 38 ਲੋਕਾਂ ਦੀ ਜਾਨ ਚਲੀ ਗਈ।

# ਚੀਨ ਨੇ ਚਲਾਈ 450 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲਣ ਵਾਲੀ ਦੁਨੀਆਂ ਦੀ ਸੱਭ ਤੋਂ ਤੇਜ਼ ਰੇਲ ਗੱਡੀ

ਬੀਜਿੰਗ, 31 ਦਸੰਬਰ (ਪੋਸਟ ਬਿਊਰੋ): ਚੀਨ ਨੇ ਐਤਵਾਰ ਨੂੰ ਅਪਣੀ ਤੇਜ਼ ਰਫ਼ਤਾਰ ਬੁਲੇਟ ਟ੍ਰੇਨ ਦਾ ਅਪਡੇਟਡ ਮਾਡਲ ਲਾਂਚ ਕੀਤਾ। ਰੇਲਗੱਡੀ ਦੇ ਨਿਰਮਾਤਾ ਦਾ ਦਾਅਵਾ ਹੈ ਕਿ ਟੈਸਟ ਦੌਰਾਨ ਇਸ ਦੀ ਰਫ਼ਤਾਰ 450 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਗਈ, ਜਿਸ ਨਾਲ ਇਹ ਦੁਨੀਆਂ ਦੀ ਸੱਭ ਤੋਂ ਤੇਜ਼ ਤੇਜ਼ ਰਫ਼ਤਾਰ ਰੇਲ ਗੱਡੀ ਬਣ ਗਈ ਹੈ।



ਚਾਈਨਾ ਸਟੇਟ ਰੇਲਵੇ ਗਰੁੱਪ ਕੰਪਨੀ (ਚਾਈਨਾ ਰੇਲਵੇ) ਅਨੁਸਾਰ, ਸੀ.ਆਰ. 450 ਪ੍ਰੋਟੋਟਾਈਪ ਵਜੋਂ ਜਾਣਿਆ ਜਾਂਦਾ, ਨਵਾਂ ਮਾਡਲ ਯਾਤਰਾ ਦੇ ਸਮੇਂ ਨੂੰ ਹੋਰ ਘਟਾਏਗਾ ਅਤੇ ਕਨੈਕਟੀਵਿਟੀ ’ਚ ਸੁਧਾਰ ਕਰੇਗਾ, ਜਿਸ ਨਾਲ ਮੁਸਾਫ਼ਰਾਂ ਲਈ ਯਾਤਰਾ ਵਧੇਰੇ ਸੁਵਿਧਾਜਨਕ ਹੋਵੇਗੀ।

ਜਾਣਕਾਰੀ ਅਨੁਸਾਰ ਸੀ.ਆਰ. 450 ਪ੍ਰੋਟੋਟਾਈਪ ਨੇ 450 ਕਿਲੋਮੀਟਰ ਪ੍ਰਤੀ ਘੰਟੇ ਦੀ ਟੈਸਟ ਸਪੀਡ ਦਰਜ ਕੀਤੀ। ਸਰਕਾਰੀ ਸਮਾਚਾਰ ਏਜੰਸੀ ਸ਼ਿਨਹੂਆ ਦੀ ਇਕ ਰਿਪੋਰਟ ਮੁਤਾਬਕ ਇਹ ਸੀ.ਆਰ.400 ਫਕਸਿੰਗ ਹਾਈ ਸਪੀਡ ਰੇਲ (ਐੱਚ.ਐੱਸ.ਆਰ.) ਨਾਲੋਂ ਬਹੁਤ ਤੇਜ਼ ਹੈ, ਜੋ 350 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲਦੀ ਹੈ।

# ਪਾਕਿਸਤਾਨ ਦਾ ਸਭ ਤੋਂ ਵੱਡਾ ਪਰਮਾਣੂ ਪਲਾਂਟ ਬਣਾਉਣ ਦਾ ਰਾਹ ਸਾਫ਼, ਪਲਾਂਟ ਬਣਾਉਣ ਲਈ ਲਾਈਸੈਂਸ ਜਾਰੀ



ਇਸਲਾਮਾਬਾਦ, 31 ਦਸੰਬਰ (ਪੋਸਟ ਬਿਊਰੋ): ਪਾਕਿਸਤਾਨ ਦੀ ਪਰਮਾਣੂ ਊਰਜਾ ਰੈਗੂਲੇਟਰੀ ਏਜੰਸੀ ਨੇ ਦੇਸ਼ ਵਿਚ ਬਿਜਲੀ ਉਤਪਾਦਨ ਲਈ ਸਭ ਤੋਂ ਵੱਡ ਪਰਮਾਣੂ ਪਲਾਂਟ ਬਣਾਏ ਜਾਣ ਰਾਸਤਾ ਸਾਫ਼ ਕਰਦੇ ਹੋਏ ਲਾਈਸੈਂਸ ਜਾਰੀ ਕਰ ਦਿਤਾ ਹੈ। ਪਾਕਿਸਤਾਨ ਨਿਊਕਲੀਅਰ ਰੈਗੂਲੇਟਰੀ ਅਥਾਰਟੀ (ਪੀ.ਐੱਨ.ਆਰ.ਏ.) ਵਲੋਂ ਬੀਤੇ ਦਿਨੀਂ ਜਾਰੀ ਪ੍ਰੈੱਸ ਬਿਆਨ ਅਨੁਸਾਰ, ਪੀ.ਐਨ.ਆਰ.ਏ ਨੇ ਚਸ਼ਮਾ ਨਿਊਕਲੀਅਰ ਪਾਵਰ ਪਲਾਂਟ ਯੂਨਿਟ ਪੰਜ (ਸੀ-5) ਦੇ ਨਿਰਮਾਣ ਲਈ ਲਾਇਸੈਂਸ ਜਾਰੀ ਕੀਤਾ ਹੈ, ਜੋ 1,200 ਮੈਗਾਵਾਟ ਦੀ ਸਮਰੱਥਾ ਨਾਲ ਪਰਮਾਣੂ ਊਰਜਾ ਰਾਹੀਂ ਬਿਜਲੀ ਪੈਦਾ ਕਰਨ ਵਾਲਾ ਸਭ ਤੋਂ ਵੱਡਾ ਪਲਾਂਟ ਹੋਵੇਗਾ।

ਜਾਣਕਾਰੀ ਮੁਤਾਬਕ ਪਾਕਿਸਤਾਨ ਐਟਮੀ ਐਨਰਜੀ ਕਮਿਸ਼ਨ ਨੇ ਇਸ ਸਾਲ ਅਪ੍ਰੈਲ ’ਚ ਲਾਈਸੈਂਸ ਲਈ ਅਰਜ਼ੀ ਦਿਤੀ ਸੀ ਅਤੇ ਉਸ ਨੇ ਇਸ ਦੇ ਲਾਲ ਹੀ ਸ਼ੁਰੂਆਤੀ ਸੁਰੱਖਿਆ ਮੁਲਾਂਕਣ ਰਿਪੋਰਟ ਤੇ ਪਰਮਾਣੂ ਸੁਰੱਖਿਆ, ਰੇਡੀਏਸ਼ਨ ਸੁਰੱਖਿਆ, ਐਮਰਜੈਂਸੀ ਤਿਆਰੀ, ਕੂੜਾ ਪ੍ਰਬੰਧਨ ਨਾਲ ਸਬੰਧਤ ਸੰਚਾਲਨ ਪਹਿਲੂਆਂ ਅਤੇ ਡਿਜ਼ਾਈਨ ਸਬੰਧੀ ਹੋਰ ਦਸਤਾਵੇਜ਼ ਵੀ ਭੇਜੇ ਸਨ। ਪੀਐੱਨਆਰਏ ਦੀ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਹ ਲਾਈਸੈਂਸ ਸਬੰਧਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਤਹਿਤ ਰੈਗੂਲੇਟਰੀ ਆਦੇਸ਼ਾਂ ਦੀ ਪੂਰੀ ਸਮੀਖਿਆ ਤੋਂ ਬਾਅਦ ਜਾਰੀ ਕੀਤਾ ਗਿਆ ।

ਸੀ-5 ਚੀਨੀ ਹੁਆਲੋਂਗ ਡਿਜ਼ਾਈਨ ਦਾ ਤੀਜੀ ਪੀੜ੍ਹੀ ਦਾ ਐਡਵਾਂਸ ਪ੍ਰੈਸ਼ਰਾਈਜ਼ਡ ਵਾਟਰ ਰਿਐਕਟਰ ਹੈ। ਇਸ ਨੂੰ ਪਹਿਲਾਂ ਹੀ ਰਾਸ਼ਟਰੀ ਆਰਥਕ ਪ੍ਰੀਸ਼ਦ ਦੀ ਕਾਰਜਕਾਰੀ ਕਮੇਟੀ ਦੁਆਰਾ ਮਨਜ਼ੂਰੀ ਦਿਤੀ ਜਾ ਚੁਕੀ ਹੈ ਅਤੇ ਇਸ ਦਾ ਨਿਰਮਾਣ 3.7 ਅਰਬ ਡਾਲਰ ਦੀ ਲਾਗਤ ਨਾਲ ਕੀਤਾ ਜਾਵੇਗਾ।

# ਬ੍ਰੈਡ ਪਿਟ ਅਤੇ ਐਂਜਲੀਨਾ ਜੋਲੀ ਅਧਿਕਾਰਤ ਤੌਰ ’ਤੇ ਹੋਏ ਵੱਖ

## 8 ਸਾਲਾਂ ਦੀ ਲੰਬੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਤਲਾਕ ਦੇ ਕਾਗਜ਼ਾਂ 'ਤੇ ਕੀਤੇ ਦਸਤਖਤ

ਲਾਸ ਏਂਜਲਸ, 31 ਦਸੰਬਰ (ਪੋਸਟ ਬਿਊਰੋ): 8 ਸਾਲਾਂ ਦੀ ਲੰਬੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ, ਐਂਜਲੀਨਾ ਜੋਲੀ ਅਤੇ ਬ੍ਰੈਡ ਪਿਟ ਆਖਰਕਾਰ ਤਲਾਕ ਦੇ ਮਾਮਲੇ ਨੂੰ ਸੁਲਝਾਉਣ ਲਈ ਸਹਿਮਤ ਹੋ ਗਏ। 30 ਦਸੰਬਰ ਨੂੰ ਜੋੜੇ ਨੇ ਅਧਿਕਾਰਤ ਤੌਰ 'ਤੇ ਤਲਾਕ ਦੇ ਕਾਗਜ਼ਾਂ 'ਤੇ ਦਸਤਖਤ ਕੀਤੇ।



ਬ੍ਰੈਡ ਪਿਟ ਅਤੇ ਐਂਜਲੀਨਾ ਜੋਲੀ ਦਾ ਵਿਆਹ 14 ਅਗਸਤ, 2014 ਨੂੰ ਹੋਇਆ ਸੀ। ਸਾਲ 2016 'ਚ ਹੀ ਦੋਨਾਂ ਨੇ ਵੱਖ ਹੋਣ ਦਾ ਫੈਸਲਾ ਕੀਤਾ ਸੀ। ਪਰ ਲੰਬੀ ਕਾਨੂੰਨੀ ਲੜਾਈ ਦੇ ਚੱਲਦਿਆਂ ਹੁਣ ਦੋਨਾਂ ਨੇ ਅਧਿਕਾਰਤ ਤੌਰ 'ਤੇ ਤਲਾਕ ਲੈ ਲਿਆ ਹੈ। ਇਹ ਤਲਾਕ ਪੂਰੀ ਦੁਨੀਆਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ 2014 'ਚ ਹੋਏ ਵਿਆਹ ਤੋਂ ਲੈ ਕੇ 2016 'ਚ ਤਲਾਕ ਦੇ ਫੈਸਲੇ ਤੱਕ ਦੋਨਾਂ ਨੇ ਵਿਆਹੁਤਾ ਜੀਵਨ ਦੇ ਸਿਰਫ ਦੋ ਸਾਲ ਇਕੱਠੇ ਬਿਤਾਏ ਸਨ। ਪਰ ਤਲਾਕ ਲੈਣ ਵਿੱਚ 8 ਸਾਲ ਲੱਗ ਗਏ।

ਐਂਜਲੀਨਾ ਜੋਲੀ ਨੇ 2016 ਵਿੱਚ ਬ੍ਰੈਡ ਪਿਟ ਤੋਂ ਤਲਾਕ ਲਈ ਅਰਜ਼ੀ ਦਿੱਤੀ ਸੀ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਬ੍ਰੈਡ ਪਿਟ ਨੇ ਯੂਰਪ ਤੋਂ ਵਾਪਿਸ ਆਉਂਦੇ ਸਮੇਂ ਪ੍ਰਾਈਵੇਟ ਜੈੱਟ ਵਿੱਚ ਉਨ੍ਹਾਂ ਨਾਲ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਦੁਰਵਿਵਹਾਰ ਕੀਤਾ ਸੀ। ਐਂਜਲੀਨਾ ਜੋਲੀ ਦੇ ਵਕੀਲ ਜੇਮਸ ਸਿੰਮਸ ਨੇ ਡੇਲੀ ਮੇਲ ਨੂੰ ਦੱਸਿਆ ਕਿ ਐਂਜਲੀਨਾ ਜੋਲੀ ਇਸ ਮੁਕਾਮ ਤੱਕ ਪਹੁੰਚਣ ’ਤੇ ਰਾਹਤ ਮਹਿਸੂਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਐਂਜਲੀਨਾ ਥੱਕ ਚੁੱਕੀ ਹੈ। 8 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਕਿ ਦੋਵੇਂ ਤਲਾਕ ਲਈ ਕਾਨੂੰਨੀ ਲੜਾਈ ਲੜ ਰਹੇ ਸਨ। ਉਨ੍ਹਾਂ ਨੇ ਅਤੇ ਬੱਚਿਆਂ ਨੇ ਬ੍ਰੈਡ ਪਿਟ ਨਾਲ ਸਾਂਝੀ ਕੀਤੀ ਜਾਇਦਾਦ ਨੂੰ ਛੱਡ ਦਿੱਤਾ ਹੈ ਅਤੇ ਉਦੋਂ ਤੋਂ ਉਹ ਆਪਣੇ ਪਰਿਵਾਰ ਨਾਲ ਸ਼ਾਂਤੀ ਦੀ ਭਾਲ ਕਰ ਰਹੇ ਹਨ।

ਵਕੀਲ ਨੇ ਅੱਗੇ ਦੱਸਿਆ ਕਿ ਤਲਾਕ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਉਹ ਹਾਲੇ ਵੀ ਸੈਟੋ ਮੀਰਾਵਲ ਵਿਨਾਰਡ ਨੂੰ ਲੈ ਕੇ ਫਰਾਂਸ ਵਿਚ ਕਾਨੂੰਨੀ ਲੜਾਈ ਵਿਚ ਉਲਝੇ ਹੋਏ ਹਨ। ਬ੍ਰੈਡ ਪਿਟ ਨੇ ਐਂਜਲੀਨਾ ਜੋਲੀ 'ਤੇ ਉਨ੍ਹਾਂ ਦੀ ਸਹਿਮਤੀ ਤੋਂ ਬਿਨ੍ਹਾਂ ਸਟੋਲੀ ਗਰੁੱਪ ਨੂੰ ਵਾਈਨਰੀ ਵਿਚ ਆਪਣੀ ਹਿੱਸੇਦਾਰੀ ਵੇਚਣ ਦਾ ਦੋਸ਼ ਲਗਾਇਆ ਹੈ। ਡੇਲੀ ਮੇਲ ਮੁਤਾਬਕ ਦੋਨਾਂ ਨੇ ਮਾਮਲੇ ਨੂੰ ਸੁਲਝਾਉਣ ਲਈ ਜਿਊਰੀ ਟ੍ਰਾਇਲ 'ਚ ਜਾਣ ਦੀ ਇੱਛਾ ਪ੍ਰਗਟਾਈ ਹੈ। ਭਾਵ, ਇਸ ਤਲਾਕ ਦੇ ਬਾਵਜੂਦ, ਇੱਕ ਮਾਮਲੇ ਵਿੱਚ ਹਾਲੇ ਵੀ ਉਲਝਣ ਹੈ, ਪਰ ਇਸ ਨੂੰ ਵਿਚੋਲਗੀ ਰਾਹੀਂ ਹੱਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਐਂਜਲੀਨਾ ਜੋਲੀ ਦਾ ਇਹ ਤੀਜਾ ਵਿਆਹ ਸੀ। ਬ੍ਰੈਡ ਪਿਟ ਤੋਂ ਪਹਿਲਾਂ, ਉਨ੍ਹਾਂ ਦਾ ਵਿਆਹ ਜੌਨੀ ਲੀ ਮਿਲਰ ਅਤੇ ਬਿਲੀ ਬੌਬ ਥੋਰਨਟਨ ਨਾਲ ਹੋਇਆ ਸੀ।

# ਏਦਾਂ ਦੇ ਕਿਰਦਾਰ ਬੁਲੰਦੀ ਵਾਲੇ ਇਨਸਾਨ ਸਨ ਮਨਮੋਹਨ ਸਿੰਘ ਹੁਰੀਂ

ਜਤਿੰਦਰ ਪਨੂੰ ਦੀ ਕਲਮ ਤੋਂ

ਇੱਕ ਵੱਖਰੀ ਤਰ੍ਹਾਂ ਦੀ ਸ਼ਖਸੀਅਤ ਦੇ ਮਾਲਕ ਡਾਕਟਰ ਮਨਮੋਹਨ ਸਿੰਘ ਸੰਸਾਰ ਤਿਆਗ ਗਏ ਹਨ। ਭਾਰਤ ਦੇ ਲੋਕਨਹੀਂ, ਦੁਨੀਆ ਭਰ ਦੇ ਲੋਕਉਨ੍ਹਾਂ ਦੇ ਜੀਵਨ ਅਤੇ ਕਿਰਦਾਰ ਬਾਰੇ ਏਦਾਂ ਦੀਆਂ ਗੱਲਾਂ ਮੀਡੀਏ ਕੋਲੋਂ ਜਾਨਣ ਲੱਗੇ ਹਨ, ਜਿਹੜੀਆਂ ਕਈ ਲੋਕਾਂ ਨੂੰ ਹੈਰਾਨ ਕਰਨਗੀਆਂ ਕਿ ਕੀ ਕਦੇ ਰਾਜਨੀਤੀ ਵਿੱਚ ਏਦਾਂ ਦਾ ਵਿਅਕਤੀ ਵੀ ਆਇਆ ਹੋ ਸਕਦਾ ਹੈ ਤੇ ਜੇ ਆਇਆ ਸੀ ਤਾਂ ਆਪਣਾ ਵੱਖਰਾਪਣ ਕਿੱਦਾਂ ਬਚਾ ਕੇ ਰੱਖ ਸਕਿਆ! ਉਹ ਰਾਜਨੀਤੀ ਵਿੱਚ ਆਏ ਨਹੀਂ ਸਨ, ਸਗੋਂ ਭਾਰਤ ਵਰਗੇ ਦੇਸ਼ ਦੀ ਰਾਜਨੀਤੀ ਵਿੱਚ ਨਾ ਚਾਹੁੰਦੇ ਹੋਏ ਵੀ ਖਿੱਚ ਕੇ ਲਿਆਂਦੇ ਗਏ ਅਤੇ ਫਿਰ ਇਸ ਦੇਸ਼ ਦੀ ਰਾਜਨੀਤਕ ਸ਼ਕਤੀ ਦੀ ਸਿਖਰਲੀ ਪਦਵੀ ਤੱਕ ਪਹੁੰਚ ਗਏ ਸਨ। ਰਾਜਨੀਤੀ ਵਿੱਚ ਆਉਣ ਜਾਂ ਪ੍ਰਧਾਨ ਮੰਤਰੀ ਬਣਨ ਵਰਗਾ ਖਿਆਲ ਵੀ ਕਦੇ ਉਨ੍ਹਾਂ ਨੂੰ ਨਹੀਂ ਸੀ ਆਇਆ, ਉਹ ਆਪਣੇ ਜ਼ਿੰਮੇ ਲੱਗੇ ਕੰਮ ਤੱਕ ਸੀਮਤ ਰਹਿਣ ਦੀ ਸੋਚ ਵਾਲੇ ਕੋਮਲ-ਭਾਵੀ ਸਨ, ਰਾਜਨੀਤੀ ਉਨ੍ਹਾਂ ਨੂੰ ਆਪਣੀਆਂ ਲੋੜਾਂ ਨਾਲੋਂ ਵੀ ਵੱਧ ਆਪਣੀਆਂ ਮਜਬੂਰੀਆਂ ਕਾਰਨ ਖਿੱਚ ਲਿਆਈ ਤੇ ਉਸ ਪਦਵੀ ਤੱਕ ਜਾ ਪੁਚਾਇਆ ਸੀ, ਜਿਸ ਦੇ ਸੁਫਨੇ ਹਰ ਸਿਆਸੀ ਆਗੂ ਲੈਂਦਾ ਰਹਿੰਦਾ ਹੈ। ਇਹ ਸਾਰਾ ਕੁਝ ਉਸ ਦੇਸ਼ ਵਿੱਚ ਹੋਇਆ, ਜਿਸ ਦੇ ਲੀਡਰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਕਰਦੇ ਹਨ, ਜਦ ਕਿ ਸਭ ਤੋਂ ਵੱਡਾ ਲੋਕਤੰਤਰ ਸਭ ਤੋਂ ਵੱਧ ਵੋਟਰਾਂ ਦੀ ਗਿਣਤੀ ਪੱਖੋਂ ਹੈ, ਲੋਕਤੰਤਰੀ ਗੁਣਾਂ ਦੇ ਪੱਖੋਂ ਇਸ ਦੇ ਇੱਕ ਫੀਸਦੀ ਆਬਾਦੀ ਵਾਲੇ ਦੇਸ਼ ਅਸਲੀ ਅਰਥਾਂ ਵਿੱਚ ਲੋਕਤੰਤਰ ਹੰਢਾਉਂਦੇ ਅਤੇ ਸੰਭਾਲਦੇ ਪਏ ਹਨ, ਕਦੇ ਦਾਗੀ ਨਹੀਂ ਹੋਣ ਦੇਂਦੇ।

ਬਰਤਾਨਵੀ ਸਾਮਰਾਜ ਵੱਲੋਂ ਕਬਜ਼ਾ ਛੱਡਣ ਸਮੇਂ ਕੀਤੀ ਗਈ ਦੇਸ਼ ਵੰਡ ਸਮੇਂ ਮਨਮੋਹਨ ਸਿੰਘ ਦਾ ਪਿੰਡ ਗਾਹ ਵੀ ਪਾਕਿ-ਸਤਾਨ ਵਾਲੇ ਪਾਸੇ ਰਹਿ ਗਿਆ ਸੀ ਤੇ ਪਰਵਾਰ ਦੇ ਮੁਖੀ ਦਾ ਓਧਰਲੇ ਦੰਗੇਬਾਜ਼ਾਂ ਨੇ ਕਤਲ ਕਰ ਦਿੱਤਾ ਸੀ। ਏਧਰ ਆ ਕੇ ਪਰਵਾਰ ਪਹਿਲਾਂ ਕਿਸੇ ਹੋਰ ਥਾਂ ਵੱਸਿਆ ਤੇ ਫਿਰ ਅੰਮ੍ਰਿਤਸਰ ਆ ਗਿਆ ਸੀ। ਬਚਪਨ ਦੇ ਦਿਨਾਂ ਵਿੱਚ ਪੰਜਾਬ ਦੇ ਓਦੋਂ ਦੇ ਆਮ ਸਿੱਖ ਪਰਵਾਰਾਂ ਵਾਂਗ ਮਨਮੋਹਨ ਸਿੰਘ ਨੇ ਵੀ ਮੁੱਢਲੀ ਪੜ੍ਹਾਈ ਪਿੰਡ ਦੇ ਗੁਰਦੁਆਰੇ ਤੋਂ ਸ਼ੁਰੂ ਕੀਤੀ ਅਤੇ ਦੇਸ਼ ਵੰਡ ਪਿੱਛੋਂ ਅੰਮ੍ਰਿਤਸਰ ਦੇ ਇੱਕ ਕਾਲਜ ਕੋਲੋਂ ਇਕਨਾਮਿਕਸ ਦਾ ਮੁੱਢਲਾ ਗਿਆਨ ਲੈਣਪਿੱਛੋਂ ਹੁਸ਼ਿਆਰਪੁਰ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਚਲੇ ਗਏ ਸਨ। ਵੰਡ ਤੋਂ ਪਹਿਲਾਂ ਸਾਂਝੀ ਇਹ ਯੂਨੀਵਰਸਿਟੀ ਵੀ ਵੰਡੀ ਗਈ ਸੀ ਤੇ ਇਸ ਦਾ ਭਾਰਤੀ ਹਿੱਸਾ ਵਕਤੀ ਤੌਰ ਉੱਤੇ ਹੁਸ਼ਿਆਰਪੁਰ ਰੱਖਿਆ ਗਿਆ ਸੀ। ਮਾਸਟਰ ਡਿਗਰੀ ਕਰਨ ਤੋਂ ਬਾਅਦ ਉਹ ਇੰਗਲੈਂਡ ਦੀ ਇੱਕ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਚਲੇ ਗਏ ਅਤੇ ਓਥੋਂ ਪਰਤੇ ਤਾਂ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਾਉਣ ਲੱਗ ਪਏ। ਕੁਝ ਚਿਰ ਬਾਅਦ ਫਿਰ ਇੰਗਲੈਂਡ ਵਿੱਚ ਡੀ ਫਿਲ ਕਰਨ ਚਲੇ ਗਏ ਤੇ ਜਦੋਂ ਵਾਪਸ ਆਏ ਤਾਂ ਕਈ ਜ਼ਿੰਮੇਵਾਰੀਆਂ ਨਿਭਾਉਣ ਦੇ ਬਾਅਦ ਇੱਕ ਦਿਨ ਭਾਰਤ ਦੀ ਰਿਜ਼ਰਵ ਬੈਂਕ ਦੇ ਗਵਰਨਰ ਦਾ ਮੁਖੀ ਬਣਨ ਦਾ ਮਾਣ ਹਾਸਲ ਹੋ ਗਿਆ ਤੇ ਕਈ ਸਾਲ ਭਾਰਤ ਦੇ ਕਰੰਸੀ ਨੋਟਾਂ ਉੱਤੇ ਮਨਮੋਹਨ ਸਿੰਘ ਦੇ ਦਸਖਤ ਛਪਦੇ ਰਹੇ। ਵਰਲਡ ਬੈਂਕ ਤੇ ਸੰਸਾਰ ਪੱਧਰ ਦੇ ਕਈ ਹੋਰ ਅਦਾਰਿਆਂ ਨਾਲ ਜੁੜ ਚੁੱਕੇ ਇਸ ਗੁਣੀ-ਗਿਆਨੀ ਨੂੰ ਇੱਕ ਦਿਨ ਭਾਰਤ ਦੇ ਨਵੇਂ ਬਣਨ ਵਾਲੇ ਪ੍ਰਧਾਨ ਮੰਤਰੀ ਦਾ ਪ੍ਰਿੰਸੀਪਲ ਸੈਕਟਰੀ ਇਹ ਹੈਰਾਨ ਕਰਨ ਵਾਲਾ ਸੁਨੇਹਾ ਦੇਣ ਆ ਗਿਆ ਕਿ ਦੇਸ਼ ਦੇ ਅਗਲੇ ਖਜ਼ਾਨਾ ਮੰਤਰੀ ਬਣਨ ਵਾਸਤੇ ਭਲਕੇ ਤੁਸੀਂ ਰਾਸ਼ਟਰਪਤੀ ਭਵਨ ਆ ਜਾਇਉ, ਸਹੁੰ ਚੁਕਾਈ ਜਾਣੀ ਹੈ। ਉਨ੍ਹਾਂ ਨੂੰ ਯਕੀਨ ਨਹੀਂ ਸੀ ਆਇਆ, ਇਸ ਲਈ ਤਿਆਰ ਨਹੀਂ ਸੀ ਹੋਏ ਤੇ ਜਦੋਂ ਦੋਬਾਰਾ ਫੋਨ ਆਇਆ ਅਤੇ ਪਹੁੰਚਣ ਲਈ ਆਖਿਆ ਗਿਆ ਤਾਂ ਉਸ ਖਜ਼ਾਨੇ ਦੇ ਮੰਤਰੀ ਲਈ ਸਹੁੰ ਜਾ ਚੁੱਕੀ, ਜਿਹੜਾ ਨੰਗਾਂ ਦੀ ਭੜੋਲੀ ਦੀ ਹਾਲਤ ਵਿੱਚ ਸੀ। ਪਿਛਲੇ ਹਾਕਮਾਂ ਦੀ ਨਾਲਾਇਕੀ ਕਾਰਨ ਇਸ ਦੇ ਵਿਦੇਸ਼ੀ ਸਿੱਕੇ ਦੇ ਭੰਡਾਰ ਮੁੱਕ ਚੁੱਕੇ ਅਤੇ ਔਖੇ ਵਕਤਾਂ ਲਈ ਗਾਰੰਟੀਆਂ ਦੇਣ ਵਾਸਤੇ ਰੱਖਿਆ ਸੋਨਾ ਜਹਾਜ਼ਾਂ ਉੱਤੇ ਲੱਦ ਕੇ ਦੂਸਰੇ ਦੇਸ਼ਾਂ ਨੂੰ ਭੇਜ ਕੇ ਉਹਦੇ ਬਦਲੇ ਕਰਜ਼ਾ ਚੁੱਕਿਆ ਜਾ ਚੁੱਕਾ ਸੀ। ਇਹੋ ਜਿਹੀ ਪਦਵੀ ਆਮ ਕਰ ਕੇ ਕੰਡਿਆਂ ਦਾ ਤਾਜ ਪਹਿਨਣਾ ਕਹੀ ਜਾਂਦੀ ਹੈ, ਪਰ ਉਸ ਮਹਾਨ ਵਿਅਕਤੀ ਨੇ ਆਣ ਕੇ ਏਦਾਂ ਦਾ ਮੋੜਾ ਪਾਇਆ ਕਿ ਪੰਜਾਂ ਸਾਲਾਂ ਤੱਕ ਦੇਸ਼ ਦੇ ਭੰਡਾਰ ਫਿਰ ਭਰ ਚੁੱਕੇ ਸਨ ਅਤੇ ਅੱਜ ਤੱਕ ਵਧਦੇ ਜਾ ਰਹੇ ਹਨ।

ਜਦੋਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ, ਉਹ ਵੀ ਉਨ੍ਹਾਂ ਦੀ ਇੱਛਾ ਕਾਰਨ ਨਹੀਂ, ਦੇਸ਼ ਦੀ ਰਾਜਨੀਤੀ ਦੇ ਉਸ ਮੋੜ ਉੱਤੇ ਇੱਕ ਖਾਸ ਹਾਲਤ ਕਾਰਨ ਬਣਾਉਣਾ ਪਿਆ ਸੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਇਹ ਪਦਵੀ ਦੇਣ ਲਈ ਪਾਰਟੀ ਵੀ ਸਹਿਮਤ ਸੀ, ਗੱਠਜੋੜ ਵੀ, ਪਰ ਉਹ ਬਣੀ ਨਹੀਂ ਸੀ, ਕਾਰਨ ਵੱਖੋ-ਵੱਖ ਗਿਣਾਏ ਜਾਂਦੇ ਹਨ। ਸਾਰਿਆਂ ਪਾਸਿਆਂ ਤੋਂ ਪੈਂਦੇ ਦਬਾਅ ਦੇ ਬਾਵਜੂਦ ਜਦੋਂ ਉਹ ਨਾ ਮੰਨੀ ਅਤੇ ਕਿਸੇ ਹੋਰ ਦਾ ਨਾਂਅ ਚੁਣਨ ਦੀ ਗੱਲ ਓਸੇ ਉੱਤੇ ਸੁੱਟ ਦਿੱਤੀ ਗਈ ਤਾਂ ਮਨਮੋਹਨ ਸਿੰਘ ਦਾ ਨਾਂਅ ਸੋਨੀਆ ਗਾਂਧੀ ਨੇ ਪੇਸ਼ ਕੀਤਾ ਤੇ ਹਰ ਕਿਸੇ ਨੇ ਇਸ ਦੀ ਸ਼ਲਾਘਾ ਕੀਤੀ ਸੀ। ਹਾਲਾਤ ਸੁਖਾਵੇਂ ਨਹੀਂ ਸਨ ਅਤੇ ਹਰ ਗੱਲ ਵਿੱਚ ਉਸ ਦੀ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਉਸ ਨਾਲ ਜੁੜੇ ਲੋਕ ਸਰਕਾਰ ਲਈ ਪਰੇਸ਼ਾਨੀ ਦਾ ਕਾਰਨ ਬਣਦੇ ਸਨ ਅਤੇ ਗੱਠਜੋੜ ਦੇ ਭਾਈਵਾਲਾਂ ਨੇ ਹੀ ਨਹੀਂ, ਪ੍ਰਧਾਨ ਮੰਤਰੀ ਦੀ ਆਪਣੀ ਪਾਰਟੀ ਦੇ ਆਗੂਆਂ ਨੇ ਵੀ ਭ੍ਰਿਸ਼ਟਾਚਾਰ ਕਰਨ ਵਿੱਚ ਸ਼ਰਮ ਲਾਹ ਰੱਖੀ ਸੀ। ਬਹੁਤ ਵੱਡੇ ਭ੍ਰਿਸ਼ਟਾਚਾਰ ਦੀ ਹਨੇਰੀ ਦੌਰਾਨ ਜਦੋਂ ਕਦੇ ਪਾਰਲੀਮੈਂਟ, ਸੁਪਰੀਮ ਕੋਰਟ ਜਾਂ ਮੀਡੀਏ ਵਿੱਚ ਗੱਲ ਚੱਲਦੀ ਤਾਂ ਹਰ ਕਿਸੇ ਨੂੰ ਕਹਿਣਾ ਪੈਂਦਾ ਸੀ ਕਿ ਬਾਰਾਤ ਭਾਵੇਂ ਚੋਰਾਂ ਦੀ ਹੈ, ਇਸ ਦੇ ਮੁਖੀ ਖਿਲਾਫ ਕਿਸੇ ਕਿਸਮ ਦੀ ਕੋਈ ਉਂਗਲ ਨਹੀਂ ਉਠਾਈ ਜਾ ਸਕਦੀ। ਉਸ ਬਾਹਲੇ ਮਾੜੇ ਦੌਰ ਦੌਰਾਨ ਵੀ ਉਸ ਦੀ ਸਰਕਾਰ ਨੇ ਜਿਹੜੇ ਕਈ ਅਹਿਮ ਕੰਮ ਕਰ ਵਿਖਾਏ, ਸਮੁੱਚੇ ਭਾਰਤੀਆਂ ਲਈ ਆਧਾਰ ਕਾਰਡ ਦੀ ਸ਼ੁਰੂਆਤ ਇਸ ਦੀ ਵਿਲੱਖਣ ਮਿਸਾਲ ਸੀ। ਸਾਰੇ ਵਿਕਸਤ ਦੇਸ਼ ਆਪਣੇ ਨਾਗਰਿਕਾਂ ਲਈ ਖਾਸ ਨੰਬਰ ਜਾਰੀ ਕਰਦੇ ਹਨ, ਭਾਰਤ ਵਿੱਚ ਨਹੀਂ ਸੀ ਅਤੇ ਇਸ ਜਦੋਂ ਸ਼ੁਰੂ ਕੀਤਾ ਗਿਆ ਤਾਂ ਇਸ ਨੂੰ ਵਿਰੋਧ ਦੀਆਂ ਕੁਝ ਖਾਸ ਧਿਰਾਂ ਨੇ ਆਧਾਰ ਕਾਰਡ ਦੀ ਥਾਂ ਫਰਾਡ ਕਾਰਡ ਕਹਿ ਕੇ ਭੰਡਿਆ ਸੀ। ਜਿਨ੍ਹਾਂ ਨੇ ਓਦੋਂ ਇਹ ਕੁਝ ਕਿਹਾ ਸੀ, ਉਹ ਆਪਣੇ ਰਾਜ ਵਿੱਚ ਅੱਜ ਹਰ ਕੰਮ ਆਧਾਰ ਕਾਰਡ ਨੂੰ ਆਧਾਰ ਮੰਨ ਕੇ ਕਰਨ ਦਾ ਸਿਹਰਾ ਲੈਣ ਵਿੱਚ ਮੋਹਰੀ ਬਣੇ ਦਿੱਸਦੇ ਹਨ। ਸਮੇਂ ਨੇ ਏਦਾਂ ਦੇ ਕਈ ਕੰਮ ਡਾਕਟਰ ਮਨਮੋਹਨ ਸਿੰਘ ਤੋਂ ਕਰਵਾ ਲਏ, ਜਿਨ੍ਹਾਂ ਵਾਸਤੇ ਦੇਸ਼ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ।

ਰਾਜਨੀਤੀ ਦੇ ਖੇਤਰ ਤੋਂ ਲਾਂਭੇ ਹਟ ਕੇ ਵੇਖਿਆ ਜਾਵੇ ਤਾਂ ਉਸ ਵਿਅਕਤੀ ਦਾ ਵਿਹਾਰ ਕਿੱਦਾਂ ਦਾ ਸੀ, ਇਹ ਇੱਕ ਹਕੀਕੀ ਲੋਕਤੰਤਰ ਦੇ ਆਦਰਸ਼ ਨਾਗਰਿਕ ਦਾ ਨਮੂਨਾ ਕਿਹਾ ਜਾ ਸਕਦਾ ਹੈ। ਦੇਸ਼ ਦੇ ਲੋਕਾਂ ਨੂੰ ਇਹ ਗੱਲ ਭੁੱਲਣੀ ਨਹੀਂ ਕਿ ਉਨ੍ਹਾਂ ਨੂੰ ਸਿਖਰਾਂ ਦੀ ਹਲੀਮੀ ਵਾਲਾ ਇਹੋ ਜਿਹਾ ਆਗੂ ਮਿਲਿਆ ਸੀ, ਜਿਸ ਦੇ ਖਿਲਾਫ ਨੀਵੇਂ ਪੱਧਰ ਦੀ ਦੂਸ਼ਣਬਾਜ਼ੀ ਵੀ ਕੀਤੀ ਗਈ, ਪਰ ਉਸ ਨੇ ਕਦੇ ਪਲਟਵਾਂ ਵਾਰ ਨਹੀਂ ਸੀ ਕੀਤਾ। ਇੱਕ ਵਾਰ ਜਦੋਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਬਹੁਤ ਜ਼ਿਆਦਾ ਕੁਝ ਕਹਿ ਛੱਡਿਆ, ਜਿਸ ਵਿੱਚ ਅਹੁਦੇ ਦੇ ਨਾਲ ਨਿੱਜੀ ਹਮਲੇ ਸ਼ਾਮਲ ਸਨ ਤਾਂ ਡਾਕਟਰ ਮਨਮੋਹਨ ਸਿੰਘ ਨੇ ਏਨੇ ਨਾਲ ਗੱਲ ਮੁਕਾ ਦਿੱਤੀ ਸੀ: ਹਜ਼ਾਰੋਂ ਜਵਾਬੋਂ ਸੇ ਮੇਰੀ ਖਾਮੋਸ਼ੀ ਹੈ ਅੱਛੀ, ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖੇ। ਇਸ ਦਾ ਸਾਫ ਮਤਲਬ ਸੀ ਕਿ ਜਵਾਬ ਇਨ੍ਹਾਂ ਸਵਾਲਾਂ ਦਾ ਹੈ, ਪਰ ਜੇ ਦੇਣ ਲੱਗਾਂਗੇ ਤਾਂ ਸਵਾਲਾਂ ਦੀ ਤੇ ਸਵਾਲ ਕਰਨ ਵਾਲੀ ਪਾਰਟੀ ਅਤੇ ਉਸ ਦੇ ਆਗੂਆਂ ਦੀ ਸਾਰੀ ਅਸਲੀਅਤ ਵੀ ਲੋਕਾਂ ਮੂਹਰੇ ਬੇਪਰਦ ਹੋ ਸਕਦੀ ਹੈ, ਇਸ ਲਈ ਇਹੋ ਜਿਹੇ ਸਵਾਲਾਂ ਦੇ ਜਵਾਬ ਦੇਣ ਨਾਲੋਂ ਖਾਮੋਸ਼ ਰਹਿਣਾ ਚੰਗਾ ਹੈ। ਇੱਕ ਵਾਰ ਚੋਣਾਂ ਮੌਕੇ ਇੱਕ ਰੈਲੀ ਵਿੱਚ ਵਿਰੋਧੀ ਧਿਰ ਦੇ ਇੱਕ ਭਾਜਪਾ ਆਗੂ ਨੇ ਇਹ ਚੁਟਕਲਾ ਵੀ ਸੁਣਾ ਦਿੱਤਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਜਦੋਂ ਗੱਲ ਕਰਦਾ ਸਾਂ ਤਾਂ ਉਹ ਹੋਰ ਦੀਆਂ ਹੋਰ ਗੱਲਾਂ ਕਰੀ ਜਾਂਦੇ ਸਨ, ਮੈਂ ਹੈਰਾਨ ਹੋਇਆ ਪਿਆ ਸਾਂ, ਫਿਰ ਅਚਾਨਕ ਘੜੀ ਵੱਲ ਜਦੋਂ ਮੇਰਾ ਧਿਆਨ ਗਿਆ ਤਾਂ ਓਥੇ ਬਾਰਾਂ ਵੱਜੇ ਹੋਏ ਸਨ। ਏਡੀ ਭੱਦੀ ਗੱਲ ਕਹੇ ਜਾਣ ਕਾਰਨ ਵੀ ਇਸ ਦੇਸ਼ ਦੇ ਬਹੁਤੇ ਸਾਰੇ ਲੋਕਾਂ ਨੇ ਉਸ ਆਗੂ ਦਾ ਤਿੱਖਾ ਵਿਰੋਧ ਕੀਤਾ ਸੀ, ਪਰ ਮਨਮੋਹਨ ਸਿੰਘ ਹੁਰਾਂ ਨੇ ਉਸ ਲੀਡਰ ਬਾਰੇ ਮੋੜਵੀਂ ਗੱਲ ਕਹਿਣ ਦੀ ਲੋੜ ਨਹੀਂ ਸੀ ਸਮਝੀ। ਉਹ ਲੀਡਰ ਅੱਜ ਤੱਕ ਵੀ ਇਨ੍ਹਾਂ ਗੱਲਾਂ ਤੋਂ ਨਹੀਂ ਹਟਦਾ। ਮਨਮੋਹਨ ਸਿੰਘ ਹੁਰੀਂ ਜਦੋਂ ਰਾਜ ਸਭਾ ਦੀ ਵਿਰੋਧੀ ਧਿਰ ਦੇ ਆਗੂ ਸਨ ਤੇ ਉਨ੍ਹਾਂ ਕੋਲ ਦੇਸ਼ ਦੇ ਕੈਬਨਿਟ ਮੰਤਰੀ ਦਾ ਦਰਜ਼ਾ ਸੀ, ਇੱਕ ਦਿਨ ਆਪਣਾ ਡਰਾਈਵਿੰਗ ਲਾਇਸੈਂਸ ਰੀਨੀਊ ਕਰਵਾਉਣ ਲਈ ਲਾਈਨ ਵਿੱਚ ਜਾ ਲੱਗੇ ਤਾਂ ਓਥੇ ਹਲਚਲ ਮੱਚ ਗਈ। ਅਫਸਰਾਂ ਨੇ ਬਹੁਤ ਕਿਹਾ ਕਿ ਅੰਦਰ ਸਿੱਧੇ ਆ ਜਾਉ, ਪਰ ਉਹ ਲੋਕਾਂ ਵਿੱਚ ਲੋਕ ਬਣ ਕੇ ਖੜੇ ਰਹੇ ਤੇ ਵਿਸ਼ੇਸ਼ ਵਿਅਕਤੀ ਵਾਲਾ ਹੱਕ ਵਰਤ ਕੇ ਆਪਣਾ ਕੰਮ ਪਹਿਲਾਂ ਕਢਾਉਣਾ ਨਹੀਂ ਸੀ ਮੰਨੇ। ਉਨ੍ਹਾਂ ਦੇ ਰਿਜ਼ਰਵ ਬੈਂਕ ਦੇ ਗਵਰਨਰ ਹੋਣ ਸਮੇਂ ਪ੍ਰਣਬ ਮੁਕਰਜੀ ਦੇਸ਼ ਦੇ ਖਜ਼ਾਨਾ ਮੰਤਰੀ ਸਨ, ਜਦੋਂ ਪ੍ਰਧਾਨ ਮੰਤਰੀ ਬਣੇ ਤਾਂ ਵਿਦੇਸ਼ ਮੰਤਰੀ ਵਜੋਂ ਉਹੋ ਪ੍ਰਣਬ ਮੰਤਰੀ ਉਨ੍ਹਾਂ ਦੇ ਕੈਬਨਿਟ ਸਾਥੀ ਸਨ। ਮੀਟਿੰਗਾਂ ਵਿੱਚ ਜਦੋਂ ਕਦੇ ਲੋੜ ਪੈਂਦੀ, ਮਨਮੋਹਨ ਸਿੰਘ ਹੁਰੀਂ ਪ੍ਰਣਬ ਮੁਕਰਜੀ ਨੂੰ 'ਸਰ' ਕਹਿ ਬੁਲਾਉਂਦੇ ਸਨ ਤੇ ਮੁਕਰਜੀ ਵਾਰ-ਵਾਰ ਕਹਿੰਦੇ ਸਨ ਕਿ ਵੱਡੀ ਪਦਵੀ ਦੇਸ਼ ਦੇ ਪ੍ਰਧਾਨ ਮੰਤਰੀ ਦੀ ਹੈ, ਮਨਮੋਹਨ ਸਿੰਘ ਜੀ ਸਰ ਨਾ ਕਿਹਾ ਕਰਨ, ਪਰ ਉਹ ਹਟਦੇ ਨਹੀਂ ਸਨ। ਆਖਰ ਪ੍ਰਣਬ ਮੁਕਰਜੀ ਨੇ ਚਿੱਠੀ ਲਿਖੀ ਸੀ ਕਿ ਇਸ ਤਰ੍ਹਾਂ ਕਹਿਣ ਨਾਲ ਬਾਕੀ ਮੰਤਰੀਆਂ ਦੇ ਮੁਕਾਬਲੇ ਵੱਖਰਾਪਣ ਹੋ ਜਾਂਦਾ ਹੈ, ਮਨਮੋਹਨ ਸਿੰਘ ਹੁਰੀਂ ਸਰ ਨਾ ਕਿਹਾ ਕਰਨ, ਇਸ ਤਰ੍ਹਾਂ ਮੰਤਰੀ ਪੱਧਰ ਦੇ ਵਿਹਾਰ ਦਾ ਅਸਾਵਾਂਪਣ ਜਾਪਦਾ ਹੈ। ਫਿਰ ਜਦੋਂ ਪ੍ਰਣਬ ਮੁਕਰਜੀ ਇਸ ਦੇਸ਼ ਦੇ ਰਾਸ਼ਟਰਪਤੀ ਬਣ ਗਏ ਤਾਂ ਉਹ ਪਦਵੀ ਸੰਵਿਧਾਨਕ ਪੱਖ ਤੋਂ ਸਭ ਤੋਂ ਉੱਚੀ ਹੋਣ ਕਾਰਨ ਮਨਮੋਹਨ ਸਿੰਘ ਹੁਰਾਂ ਨੇ 'ਸਰ' ਕਿਹਾ ਤਾਂ ਦੋਵੇਂ ਨਾ ਸਿਰਫ ਹੱਸ ਪਏ, ਸਗੋਂ ਇੱਕ ਸੰਵਿਧਾਨਕ ਮਰਿਯਾਦਾ ਦੀ ਉਚਾਈ ਵੀ ਦਿਖਾ ਦਿੱਤੀ ਸੀ।

ਇੱਕ ਵਾਰੀ ਘਰ ਵਿੱਚ ਜਦੋਂ ਕੋਈ ਪਰਵਾਰਕ ਸਮਾਗਮ ਸੀ ਤਾਂ ਸਾਰੇ ਭੈਣ-ਭਰਾ ਆਏ ਹੋਏ ਸਨ। ਉਨ੍ਹਾਂ ਦੇ ਇੱਕ ਬਹਿਨੋਈ ਨਾਲ ਮੇਰੇ ਕਾਫੀ ਚੰਗੇ ਸੰਬੰਧ ਸਨ, ਉਨ੍ਹਾਂ ਨੇ ਵਾਪਸ ਆ ਕੇ ਦੱਸਿਆ ਕਿ ਰਾਤ ਸਮਾਗਮ ਪਿੱਛੋਂ ਆਪਣੇ ਹੋਟਲ ਜਾਣਾ ਸੀ ਤਾਂ ਉਨ੍ਹਾਂ ਦੀ ਕਾਰ ਖਰਾਬ ਹੋ ਗਈ। ਅਚਾਨਕ ਮਨਮੋਹਨ ਸਿੰਘ ਹੁਰਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਫੋਨ ਕਰ ਕੇ ਨੇੜੇ ਪੈਂਦੇ ਟੈਕਸੀ ਸਟੈਂਡ ਤੋਂ ਟੈਕਸੀ ਮੰਗਵਾਈ, ਉਸ ਦਾ ਕਿਰਾਇਆ ਅਗਾਊਂ ਆਪਣੀ ਜੇਬ ਵਿੱਚੋਂ ਦੇ ਕੇ ਉਸ ਨੂੰ ਸਾਡੇ ਨਾਲ ਭੇਜ ਦਿੱਤਾ, ਪਰ ਓਥੇ ਖੜੀਆਂ ਸਰਕਾਰੀ ਕਾਰਾਂ ਦੇ ਕਾਫਲੇ ਦੀ ਕਿਸੇ ਗੱਡੀ ਦੇ ਡਰਾਈਵਰ ਨੂੰ ਨਹੀਂ ਕਿਹਾ ਕਿ ਛੱਡ ਆਵੇ। ਸਿਰਫ ਭੈਣ-ਜੀਜੇ ਲਈ ਕੋਈ ਟੈਕਸੀ ਮੰਗਵਾਉਣ ਦੀ ਗੱਲ ਤਾਂ ਕਿਤੇ ਰਹੀ, ਰਾਜ ਸਭਾ ਵਿੱਚ ਜਦੋਂ ਵਿਰੋਧੀ ਧਿਰ ਦੇ ਆਗੂ ਸਨ ਅਤੇ ਉਨ੍ਹਾਂ ਦਾ ਕੈਬਨਿਟ ਮੰਤਰੀ ਦਾ ਰੁਤਬਾ ਸੀ, ਇੱਕ ਵਾਰੀ ਸਿਆਸੀ ਗੱਠਜੋੜ ਦੀ ਕਿਸੇ ਮੀਟਿੰਗ ਲਈ ਕਿਸੇ ਪਾਰਟੀ ਦੇ ਦਫਤਰ ਜਾਣਾ ਸੀ ਤਾਂ ਟੈਕਸੀ ਕਰ ਕੇ ਚਲੇ ਗਏ। ਸਾਰਿਆਂ ਨੇ ਪੁੱਛਿਆ ਕਿ ਸਰਕਾਰੀ ਕਾਰ ਖਰਾਬ ਹੋ ਗਈ ਸੀ, ਉਨ੍ਹਾਂ ਦੱਸਿਆ ਕਿ ਕਾਰ ਠੀਕ ਸੀ, ਪਰ ਉਹ ਸਿਰਫ ਸਰਕਾਰੀ ਕੰਮ ਲਈ ਵਰਤਦੇ ਹਨ। ਹੋਰਨਾਂ ਪਾਰਟੀਆਂ ਦੇ ਲੀਡਰਾਂ ਵਾਸਤੇ ਇਹ ਅਜੀਬ ਗੱਲ ਹੋਵੇਗੀ, ਪਰ ਉਨ੍ਹਾਂ ਦੇ ਨੇੜਲੇ ਲੋਕ ਜਾਣਦੇ ਸਨ ਕਿ ਮਨਮੋਹਨ ਸਿੰਘ ਹੁਰਾਂ ਨੇ ਕਿਸੇ ਵੀ ਸਰਕਾਰੀ ਸਹੂਲਤ ਦੀ ਵਰਤੋਂ ਆਪਣੇ ਰਿਸ਼ਤੇਦਾਰਾਂ ਲਈ ਤਾਂ ਕੀ, ਕਦੀ ਆਪਣੇ ਲਈ ਜਾਂ ਫਿਰ ਆਪਣੇ ਪਰਵਾਰ ਦੇ ਜੀਆਂ ਲਈ ਵੀ ਕਦੇ ਨਹੀਂ ਸੀ ਕੀਤੀ। ਦੂਸਰਾ ਕੋਈ ਆਗੂ ਅੱਜਕੱਲ੍ਹ ਏਦਾਂ ਦਾ ਹੋਵੇ, ਮੇਰੀ ਜਾਣਕਾਰੀ ਵਿੱਚ ਨਹੀਂ।

ਅਸੀਂ ਬੜੀ ਵਾਰੀ ਇਹ ਕਹਿ ਦੇਂਦੇ ਹਾਂ ਕਿ ਲੋਕਤੰਤਰ ਨੇ ਲੋਕਾਂ ਲਈ ਸਚੱਮੁਚ ਕੁਝ ਕਰ ਕੇ ਵਿਖਾਉਣਾ ਹੋਵੇ ਤਾਂ ਕਰਨ ਵਾਲਾ ਲੀਡਰ ਏਦਾਂ ਦਾ ਚਾਹੀਦਾ ਹੈ, ਜਿਸ ਨੂੰ ਲੋਕ ਆਦਰਸ਼ ਮੰਨ ਸਕਣ। ਜਦੋਂ ਕੋਈ ਆਗੂਏਦਾਂ ਦਾ ਮਿਲਦਾ ਹੈ ਤਾਂ ਆਮ ਤੌਰ ਉੱਤੇ ਇਹ ਕਿਹਾ ਜਾਂਦਾ ਹੈ ਕਿ ਇਹ ਰਾਜਨੀਤਕ ਢਾਂਚੇ ਵਿੱਚ ਸੂਤ ਨਹੀਂ ਬੈਠਦਾ। ਕਈ ਵਾਰ ਇਸ ਤਰ੍ਹਾਂ ਲੱਗਦਾ ਹੈ ਕਿ ਲੋਕ ਵੀ ਆਸ ਲਾਹ ਚੁੱਕੇ ਹਨ ਕਿ ਕੋਈ ਚੰਗਾ ਲੀਡਰ ਭਾਰਤੀ ਲੋਕਤੰਤਰ ਨੂੰ ਕਦੇ ਮਿਲ ਸਕਦਾ ਹੈ। ਇਹੋ ਕਾਰਨ ਹੈ ਕਿ ਮਨਮੋਹਨ ਸਿੰਘ ਦੇ ਕਿਰਦਾਰ ਦੀ ਪੂਰੀ ਕਦਰ ਨਹੀਂ ਪਾਈ ਜਾ ਸਕੀ। ਇਸ ਦੀ ਥਾਂ ਘਟੀਆ ਕਿਸਮ ਦੀ ਰਾਜਨੀਤੀ ਕਰਨ ਵਾਲਿਆਂ ਨੇ ਮਨਮੋਹਨ ਸਿੰਘ ਨੂੰ ਵਰਤਣ ਅਤੇ ਹੋਰ ਅੱਗੇ ਵਧ ਕੇ ਬਲੈਕਮੇਲ ਕਰਨ ਤੱਕ ਦੇ ਯਤਨ ਕੀਤੇ, ਵੱਖਰੀ ਗੱਲ ਹੈ ਕਿ ਉਹ ਕਦੇ ਵੀ ਕਿਸੇ ਬਲੈਕਮੇਲ ਅੱਗੇ ਝੁਕਦੇ ਨਹੀਂ ਸਨ। ਭਾਰਤ ਕੋਲ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਤੋਂ ਬਾਅਦ ਜੇ ਏਨੇ ਬੁਲੰਦ ਕਿਰਦਾਰ ਦਾ ਕੋਈ ਆਗੂ ਹੋਇਆ ਹੈ ਤਾਂ ਉਹ ਸਿਰਫ ਮਨਮੋਹਨ ਸਿੰਘ ਕਹੇ ਜਾ ਸਕਦੇ ਹਨ। ਏਨੀ ਮਹਾਨ ਸ਼ਖਸੀਅਤ ਦੇ ਦੁਨੀਆ ਤੋਂ ਚਲੇ ਜਾਣ ਨਾਲ ਜਿੱਡਾ ਖਲਾਅ ਪੈਦਾ ਹੋ ਗਿਆ ਹੈ, ਉਸ ਨੂੰ ਭਰਦਿਆਂ ਕਿੰਨਾ ਕੁ ਵਕਤ ਲੱਗ ਜਾਵੇਗਾ, ਕੋਈ ਅੰਦਾਜ਼ਾ ਨਹੀਂ ਲਾ ਸਕਦਾ।



## ਨਵੇਂ ਸਾਲ ਵਾਸਤੇ ਪ੍ਰਣ

ਕਰਨੀ ਹੈ ਕੋਸ਼ਿਸ਼ ਚੰਗਾ ਇਨਸਾਨ ਬਣਨ ਦੀ
ਇਸ ਕੋਸ਼ਿਸ਼ ਤੋਂ ਫਿਰ ਕਦੇ ਵੀ ਡਰੀਏ ਨਾ
ਜੇ ਚੰਗਾ ਕਿਸੇ ਦਾ ਨਹੀਂ ਕਰ ਸਕਦੇ
ਮਾੜਾ ਵੀ ਫਿਰ ਕਿਸੇ ਦਾ ਕਦੇ ਕਰੀਏ ਨਾ
ਨਹੀਂ ਬੋਲ ਸਕਦੇ ਜੇ ਮਿਠਾਸ ਭਰੀ ਬੋਲੀ
ਕੜਵਾਹਟ ਵੀ ਇਸ ਵਿੱਚ ਫਿਰ ਕਦੇ ਭਰੀਏ ਨਾ
ਜੋ ਚੀਜ਼ ਆਪਾਂ ਨੂੰ ਕਦੇ ਨਾ ਆਵੇ ਪਸੰਦ
ਉਹ ਚੀਜ਼ ਕਿਸੇ ਦੇ ਅੱਗੇ ਕਦੇ ਵੀ ਧਰੀਏ ਨਾ
ਨਾ ਕਰੀਏ ਮਜ਼ਬੂਰ ਕਿਸੇ ਨੂੰ ਕਦੇ ਵੀ ਜਰਨ ਵਾਸਤੇ
ਜੋ ਆਪਾਂ ਆਪ ਕਦੇ ਵੀ ਜਰੀਏ ਨਾ
ਭੁੱਲੀਏ ਕਦੇ ਨਾ ,ਰੱਖੀਏ ਹਰ ਪਲ ਯਾਦ ਪਰਮ ਪਿਤਾ ਨੂੰ
ਜਿਉਂਦੇ ਜੀਅ ਫਿਰ ਕਦੇ ਵੀ ਮਰੀਏ ਨਾ

ਅਮਰਜੀਤ ਕੌਰ
ਸੇਵਾ ਮੁਕਤ ਮੁੱਖ ਅਧਿਆਪਕਾ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

MagGas Medical Brampton
MGM
MAGGAS MEDICAL INC.
Helping you breathe deep and rest easy.
• CPAP ਮਸ਼ੀਨ, ਮਾਸਕ ਅਤੇ ਸਪਲਾਈ
• ਮੁਫ਼ਤ ਸਲਾਹ
• ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਮਸਕ ਨੇ ਕਿਹਾ- ਐੱਚ1 ਵੀਜ਼ਾ ਪ੍ਰੋਗਰਾਮ ਖਤਮ ਹੋਣ ਵਰਗਾ, ਸੁਧਾਰ ਦੀ ਲੋੜ

ਵਾਸ਼ਿੰਗਟਨ, 31 ਦਸੰਬਰ (ਪੋਸਟ ਬਿਊਰੋ): ਟੇਸਲਾ ਦੇ ਮਾਲਕ ਅਤੇ ਟਰੰਪ ਪ੍ਰਸ਼ਾਸਨ ਵਿਚ ਉਨ੍ਹਾਂ ਦੇ ਸਹਿਯੋਗੀ ਐਲਨ ਮਸਕ ਨੇ ਵਿਦੇਸ਼ੀ ਕਰਮਚਾਰੀਆਂ ਨੂੰ ਦਿੱਤੇ ਗਏ ਐੱਚ1 ਵੀਜ਼ਾ 'ਤੇ ਇਕ ਵਾਰ ਫਿਰ ਬਿਆਨ ਦਿੱਤਾ ਹੈ। ਇਸ ਪ੍ਰੋਗਰਾਮ ਨੂੰ ਖਤਮ ਦੱਸਦਿਆਂ ਮਸਕ ਨੇ ਇਸ ਨੂੰ ਵੱਡੇ ਪੱਧਰ 'ਤੇ ਸੁਧਾਰਨ ਦੀ ਗੱਲ ਕਹੀ।



ਇੱਕ ਪੋਸਟ ਦੇ ਜਵਾਬ ਵਿੱਚ, ਮਸਕ ਨੇ ਕਿਹਾ ਕਿ ਇਸ ਪ੍ਰੋਗਰਾਮ ਨੂੰ ਘੱਟੋ-ਘੱਟ ਤਨਖਾਹ ਅਤੇ ਸਾਂਭ-ਸੰਭਾਲ ਵਿੱਚ ਵਾਧਾ ਕਰਕੇ ਸੁਧਾਰਿਆ ਜਾਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਪਿਛਲੇ ਹਫਤੇ ਸ਼ੁੱਕਰਵਾਰ ਨੂੰ ਮਸਕ ਨੇ ਇਸ ਵੀਜ਼ੇ ਦੇ ਸਮਰਥਨ 'ਚ ਪੋਸਟ ਕੀਤੀ ਸੀ। ਇਸ ਪੋਸਟ 'ਚ ਮਸਕ ਨੇ ਐੱਚ1 ਵੀਜ਼ਾ ਲਈ ਲੜਨ ਦੀ ਸਹੁੰ ਵੀ ਖਾਧੀ ਹੈ।

ਮਸਕ ਤੋਂ ਇਲਾਵਾ ਟਰੰਪ ਪ੍ਰਸ਼ਾਸਨ ਵਿਚ ਸ਼ਾਮਿਲ ਹੋਣ ਵਾਲੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਵੀ ਐੱਚ1 ਵੀਜ਼ਾ ਪ੍ਰੋਗਰਾਮ ਦੇ ਸਮਰਥਨ ਵਿਚ ਹਨ। ਹਰ ਸਾਲ ਕਰੀਬ 45 ਹਜ਼ਾਰ ਭਾਰਤੀ ਇਸ ਵੀਜ਼ੇ 'ਤੇ ਅਮਰੀਕਾ ਜਾਂਦੇ ਹਨ। ਐਲਨ ਮਸਕ ਵੀ ਐੱਚ1ਬੀ ਵੀਜ਼ਾ 'ਤੇ ਦੱਖਣੀ ਅਫਰੀਕਾ ਤੋਂ ਅਮਰੀਕਾ ਪਹੁੰਚਿਆ ਸੀ।

ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਨੇ ਐੱਚ1ਬੀ ਵੀਜ਼ਾ ਨੂੰ ਲੈ ਕੇ ਆਪਣਾ ਰੁਖ ਬਦਲ ਲਿਆ ਹੈ। ਮਸਕ ਦੇ ਅਹੁਦੇ ਤੋਂ ਬਾਅਦ ਟਰੰਪ ਵੀ ਇਸ ਵੀਜ਼ੇ ਦੇ ਸਮਰਥਨ 'ਚ ਆ ਗਏ ਹਨ। ਹੁਣ ਤੱਕ ਡੋਨਾਲਡ ਟਰੰਪ ਇਸ ਪ੍ਰੋਗਰਾਮ ਦਾ ਵਿਰੋਧ ਕਰਦੇ ਰਹੇ ਹਨ।

ਸ਼ਨੀਵਾਰ 28 ਦਸੰਬਰ ਨੂੰ ਨਿਊਯਾਰਕ ਟਾਈਮਜ਼ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਉਹ ਹਮੇਸ਼ਾ ਇਸ ਵੀਜ਼ੇ ਦੇ ਸਮਰਥਨ 'ਚ ਰਹੇ ਹਨ। ਟਰੰਪ ਨੇ ਕਿਹਾ ਕਿ ਮੈਨੂੰ ਐੱਚ-1ਬੀ ਵੀਜ਼ਾ ਵਿੱਚ ਵਿਸ਼ਵਾਸ ਹੈ। ਮੇਰੀਆਂ ਕੰਪਨੀਆਂ ਵਿੱਚ ਵੀ ਬਹੁਤ ਸਾਰੇ ਐੱਚ-1ਬੀ ਵੀਜ਼ਾ ਵਾਲੇ ਹਨ। ਮੈਂ ਇਸਨੂੰ ਕਈ ਵਾਰ ਵਰਤਿਆ ਹੈ ਅਤੇ ਇਹ ਇੱਕ ਵਧੀਆ ਪ੍ਰੋਗਰਾਮ ਹੈ।

# ਤਾਲਿਬਾਨ ਨੇ ਘਰਾਂ 'ਚ ਖਿੜਕੀਆਂ ਬਣਾਉਣ 'ਤੇ ਲਗਾਈ ਪਾਬੰਦੀ

## ਕਿਹਾ- ਜਿੱਥੋਂ ਔਰਤਾਂ ਦਿਖਾਈ ਦੇਣ ਉੱਥੇ ਖਿੜਕੀਆਂ ਨਾ ਬਣਾਓ

ਕਾਬੁਲ, 31 ਦਸੰਬਰ (ਪੋਸਟ ਬਿਊਰੋ): ਅਫਗਾਨਿਸਤਾਨ ਵਿਚ ਤਾਲਿਬਾਨ ਸਰਕਾਰ ਦੇ ਆਉਣ ਤੋਂ ਬਾਅਦ ਤੋਂ ਹੀ ਔਰਤਾਂ 'ਤੇ ਲਗਾਤਾਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਸ਼ਨੀਵਾਰ ਨੂੰ ਵੀ, ਤਾਲਿਬਾਨ ਨੇ ਇੱਕ ਹੁਕਮ ਜਾਰੀ ਕਰਕੇ ਘਰੇਲੂ ਇਮਾਰਤਾਂ ਵਿੱਚ ਅਜਿਹੀਆਂ ਥਾਵਾਂ 'ਤੇ ਖਿੜਕੀਆਂ ਬਣਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ, ਜਿੱਥੋਂ ਔਰਤਾਂ ਦੇ ਨਜ਼ਰ ਆਉਣ ਦੀ ਸੰਭਾਵਨਾ ਹੈ। ਇਸ ਦਾ ਕਾਰਨ ਅਸ਼ਲੀਲਤਾ ਨੂੰ ਰੋਕਣਾ ਦੱਸਿਆ ਗਿਆ ਹੈ।



ਇਸ ਤੋਂ ਇਲਾਵਾ, ਇੱਕ ਹੋਰ ਹੁਕਮ ਵਿੱਚ, ਅਫਗਾਨਿਸਤਾਨ ਸਰਕਾਰ ਨੇ ਸਾਰੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਹੁਕਮ ਦਿੱਤਾ ਕਿ ਉਹ ਔਰਤਾਂ ਨੂੰ ਰੁਜ਼ਗਾਰ ਦੇਣਾ ਬੰਦ ਕਰਨ, ਨਹੀਂ ਤਾਂ ਉਨ੍ਹਾਂ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ।

ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਸ਼ਨੀਵਾਰ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਕਿ ਨਵੀਆਂ ਇਮਾਰਤਾਂ ਵਿੱਚ ਖਿੜਕੀਆਂ ਨਹੀਂ ਹੋਣੀਆਂ ਚਾਹੀਦੀਆਂ ਜੋ ਵਿਹੜੇ, ਰਸੋਈ, ਗੁਆਂਢੀ ਦੇ ਖੂਹ ਅਤੇ ਔਰਤਾਂ ਦੁਆਰਾ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਥਾਂਵਾਂ ਨੂੰ ਦੇਖਿਆ ਜਾ ਸਕੇ।

ਤਾਲਿਬਾਨ ਦੇ ਬੁਲਾਰੇ ਅਨੁਸਾਰ ਔਰਤਾਂ ਨੂੰ ਰਸੋਈ ਵਿਚ, ਵਿਹੜੇ ਵਿਚ ਜਾਂ ਖੂਹਾਂ ਤੋਂ ਪਾਣੀ ਲਿਆਉਂਦੇ ਹੋਏ ਦੇਖਣਾ ਅਸ਼ਲੀਲਤਾ ਨੂੰ ਜਨਮ ਦੇ ਸਕਦਾ ਹੈ।

ਅਫਗਾਨਿਸਤਾਨ 'ਚ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਵੀਂਆਂ ਬਣ ਰਹੀਆਂ ਇਮਾਰਤਾਂ 'ਤੇ ਨਜ਼ਰ ਰੱਖਣ ਦੇ ਹੁਕਮ ਦਿੱਤੇ ਗਏ ਹਨ। ਇਸ ਨਾਲ ਇਹ ਤੈਅ ਕੀਤਾ ਜਾਵੇਗਾ ਕਿ ਇਨ੍ਹਾਂ ਇਮਾਰਤਾਂ 'ਚ ਅਜਿਹੀਆਂ ਖਿੜਕੀਆਂ ਨਹੀਂ ਬਣਾਈਆਂ ਜਾ ਸਕਦੀਆਂ, ਜਿਨ੍ਹਾਂ ਰਾਹੀਂ ਕੋਈ ਗੁਆਂਢੀ ਘਰ 'ਚ ਝਾਕ ਸਕੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜੇਕਰ ਅਜਿਹੀਆਂ ਖਿੜਕੀਆਂ ਪਹਿਲਾਂ ਤੋਂ ਮੌਜੂਦ ਹਨ, ਤਾਂ ਮਕਾਨ ਮਾਲਕਾਂ ਨੂੰ ਉਨ੍ਹਾਂ ਦੇ ਸਾਹਮਣੇ ਇੱਟਾਂ ਦੀ ਕੰਧ ਬਣਾਉਣ ਲਈ ਕਿਹਾ ਜਾਵੇਗਾ।

# ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਪ੍ਰੋਸਟੇਟ ਸਰਜਰੀ ਕਰਵਾਈ, ਰਿਕਵਰੀ ਲਈ ਅੰਡਰਗਾਊਂਡ ਕਮਰੇ ਵਿੱਚ ਹੋਏ ਸਿਫ਼ਟ

ਤਲਅਵੀਵ, 31 ਦਸੰਬਰ (ਪੋਸਟ ਬਿਊਰੋ): ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਐਤਵਾਰ ਨੂੰ ਪ੍ਰੋਸਟੇਟ ਦੀ ਸਰਜਰੀ ਹੋਈ। ਡਾਕਟਰਾਂ ਨੇ ਉਨ੍ਹਾਂ ਦੇ ਸਰੀਰ ਤੋਂ ਪ੍ਰੋਸਟੇਟ ਕੱਢ ਦਿੱਤਾ ਹੈ। ਯੇਰੂਸ਼ਲਮ ਦੇ ਹਦਾਸਾਹ ਮੈਡੀਕਲ ਸੈਂਟਰ ਦੇ ਯੂਰੋਲਾਜੀ ਵਿਭਾਗ ਦੇ ਮੁਖੀ ਡਾ. ਓਫਰ ਗੋਫ੍ਰਿਟ ਨੇ ਕਿਹਾ ਕਿ ਸਰਜਰੀ ਸਫਲ ਰਹੀ। ਨੇਤਨਯਾਹੂ ਨੂੰ ਕੈਂਸਰ ਜਾਂ ਕਿਸੇ ਹੋਰ ਘਾਤਕ ਬੀਮਾਰੀ ਦਾ ਡਰ ਨਹੀਂ ਹੈ।



75 ਸਾਲਾ ਨੇਤਨਯਾਹੂ ਪਿਛਲੇ ਕੁਝ ਸਾਲਾਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਹਨ। ਨੇਤਨਯਾਹੂ ਨੇ ਇਸ ਮਹੀਨੇ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਦੱਸਿਆ ਸੀ ਕਿ ਉਹ ਸਿਗਾਰ ਨਾਲ 18 ਘੰਟੇ ਕੰਮ ਕਰਦੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਵਜੋਂ 17 ਸਾਲ ਪੂਰੇ ਕਰ ਲਏ ਹਨ।

ਨੇਤਨਯਾਹੂ ਦੀ ਸਰਜਰੀ ਅਜਿਹੇ ਸਮੇਂ ਹੋਈ ਹੈ ਜਦੋਂ ਉਨ੍ਹਾਂ ਖਿਲਾਫ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਸੁਣਵਾਈ ਚੱਲ ਰਹੀ ਹੈ। ਦੂਜੇ ਪਾਸੇ ਉਨ੍ਹਾਂ ਨੂੰ ਗਾਜ਼ਾ ਜੰਗ ਅਤੇ ਹੂਤੀ ਬਾਗੀਆਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਨੇਤਨਯਾਹੂ ਨੂੰ ਸਰਜਰੀ ਤੋਂ ਬਾਅਦ ਠੀਕ ਹੋਣ ਲਈ ਅੰਡਰਗਰਾਊਂਡ ਯੂਨਿਟ ਵਿੱਚ ਰੱਖਿਆ ਗਿਆ ਹੈ। ਇੱਥੋਂ ਤੱਕ ਕਿ ਮਿਜ਼ਾਈਲ ਹਮਲਾ ਵੀ ਇਸ ਅੰਡਰਗਰਾਊਂਡ ਯੂਨਿਟ ਨੂੰ ਪ੍ਰਭਾਵਿਤ ਨਹੀਂ ਕਰੇਗਾ। ਨੇਤਨਯਾਹੂ ਦੇ ਦਫਤਰ ਨੇ ਇਹ ਜਾਣਕਾਰੀ ਦਿੱਤੀ ਹੈ। ਦਫ਼ਤਰ ਨੇ ਕਿਹਾ ਕਿ ਸਰਜਰੀ ਦੌਰਾਨ ਵੀ ਪੂਰੀ ਸਾਵਧਾਨੀ ਵਰਤੀ ਗਈ ਸੀ। ਸਰਜਰੀ ਦੇ ਸਮੇਂ, ਨੇਤਨਯਾਹੂ ਦੇ ਨਿਆਂ ਮੰਤਰੀ ਯਾਰੀਵ ਲੇਵਿਨ ਨੇ ਕਾਰਜਕਾਰੀ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਸੀ। ਸਰਜਰੀ ਤੋਂ ਬਾਅਦ ਨੇਤਨਯਾਹੂ ਨੇ ਡਾਕਟਰਾਂ ਦਾ ਧੰਨਵਾਦ ਕੀਤਾ।

ਪਿਛਲੇ ਸਾਲ, ਨੇਤਨਯਾਹੂ ਨੂੰ ਦਿਲ ਦੀ ਬਿਮਾਰੀ ਦਾ ਪਤਾ ਲੱਗਾ ਸੀ। ਇਸ ਤੋਂ ਬਾਅਦ ਉਸ ਨੂੰ ਪੇਸਮੇਕਰ ਲਗਾਇਆ ਗਿਆ। ਇਸ ਸਾਲ ਉਸ ਦੀ ਹਰਨੀਆ ਦੀ ਸਰਜਰੀ ਵੀ ਹੋਈ ਸੀ। ਨੇਤਨਯਾਹੂ ਇੱਕ ਊਰਜਾਵਾਨ ਨੇਤਾ ਦੇ ਰੂਪ ਵਿੱਚ ਆਪਣਾ ਅਕਸ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old,5-10"tall, cleanshave, Canadian Citizen. Call at 204-510-7658 for more info.

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com




## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664




Merry Christmas
&
A Joyful New Year!
Wishing you a Joyous Holiday season and most prosperous New Year ahead!
From all of us at the
Landmark Real Estate Centre Inc.
JAGDISH GREWAL
Broker of Record
Landmark Real Estate Centre Inc., Brokerage
Ph: (416) 970-5005
Email: Jagdish@LandmarkRe.ca
Landmark
Real Estate Centre Inc. Brokerage


WISHING YOU A
Merry Christmas
AND
Happy New Year
ਆਪ ਸਭ ਨੂੰ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ!
ਆਉਣ ਵਾਲਾ ਸਾਲ ਆਪ ਲਈ
ਖੁਸ਼ੀਆਂ ਲੈ ਕੇ ਆਵੇ!
AMARJOT SANDHU
MEMBER OF PROVINCIAL PARLIAMENT
BRAMPTON WEST
Amarjot.Sandhu@pc.ola.org
CALL -
(905) 565-1532
ADDRESS -
10 GILLINGHAM DR, #309,
BRAMPTON, ON, L6X 0G6


Algoma
UNIVERSITY
MY MISSION:
A career in law that tackles climate change
The individual missions of our students are inspired by Algoma University's Special Mission, which is what sets us apart – and brings us together.

